BRAMPTON

Media Release

ਤੁਰੰਤ ਰਿਲੀਜ ਲਈ

# ਸਿਟੀ ਆਫ ਬ੍ਰੈਂਪਟਨ ਦੇ ਮੇਅਰ ਪੈਟਰਿਕ ਬ੍ਰਾਊਨ ਨੇ 2024 ਦਾ ਪ੍ਰਸਤਾਵਿਤ ਬਜਟ ਪ੍ਰਸਤੁਤ ਕੀਤਾ

*2024 ਦਾ ਬਜਟ ਟ੍ਰਾਂਜ਼ਿਟ ਅਤੇ ਹੈਲਥ ਕੇਅਰ ਤੇ ਧਿਆਨ ਕੇਂਦਰਿਤ ਕਰਨ ਦੇ ਨਾਲ ਬ੍ਰੈਂਪਟਨ ਲਈ ਫਾਇਦੇ ਨੂੰ ਵਧਾਉਂਦਾ ਹੈ*

ਬ੍ਰੈਂਪਟਨ, ਓਨਟੈਰੀਓ (29 ਨਵੰਬਰ, 2023) – ਅੱਜ, ਸਿਟੀ ਆਫ ਬ੍ਰੈਂਪਟਨ ਦੇ ਮੇਅਰ, ਪੈਟਰਿਕ ਬ੍ਰਾਊਨ (Patrick Brown) ਨੇ ਨਵੇਂ ਪ੍ਰੋਵਿੰਸ਼ੀਅਲ ਕਨੂੰਨ, *ਸਟ੍ਰੌਂਗ ਮੇਅਰਸ, ਬਿਲਡਿੰਗ ਹੋਮਸ ਐਕਟ, 2022 (Strong Mayors, Building Homes Act, 2022)* ਹੇਠ, ਆਪਣੇ ਪਹਿਲੇ ਮੇਅਰਸ ਬਜਟ ਨੂੰ ਵਿਚਾਰ ਕਰਨ ਲਈ ਪ੍ਰਸਤੁਤ ਕੀਤਾ। 2024 ਦੇ ਬਜਟ ਦਾ ਅਧਿਕਾਰਤ ਡ੍ਰਾਫਟ, ਇਸਦੇ ਵਿਕਾਸ ਵਿੱਚ ਬੇਹੱਦ ਮਹੱਤਵਪੂਰਣ ਕਦਮ ਵਜੋਂ, ਵਸਨੀਕਾਂ ਅਤੇ ਕਾਰੋਬਾਰੀਆਂ ਤੋਂ ਫੀਡਬੈਕ ਲਈ, ਹੁਣ ਉਪਲਬਧ (now available) ਹੈ।

ਬਿਲਡਿੰਗ ਦ ਬ੍ਰੈਂਪਟਨ ਐਡਵਾਂਟੇਜ *(Building the Brampton Advantage)* ਤੇ ਕੇਂਦਰਿਤ, ਇਹ ਬਜਟ ਬੇਹੱਦ ਮਹੱਤਵਪੂਰਣ ਨਿਵੇਸ਼ ਪੇਸ਼ ਕਰਦਾ ਹੈ, ਜੋ ਪਬਲਿਕ ਟ੍ਰਾਂਜ਼ਿਟ, ਹੈਲਥ ਕੇਅਰ, ਰੇਕ੍ਰੀਏਸ਼ਨ, ਵਾਤਾਵਰਣ, ਸੜਕਾਂ ਅਤੇ ਇੰਫਰਾਸਟ੍ਰਕਚਰ ਅਤੇ ਕਮਿਊਨਿਟੀ ਦੀ ਸੁਰੱਖਿਆ ਵਿੱਚ ਮਹੱਤਵਪੂਰਣ ਨਿਵੇਸ਼ਾਂ ਦੇ ਨਾਲ, ਆਰਥਿਕ ਵਾਧੇ ਵਿੱਚ ਸੰਤੁਲਨ ਕਾਇਮ ਕਰਨ ਦੀ ਮੇਅਰ ਅਤੇ ਕਾਉਂਸਿਲ ਦੀ ਵਚਨਬੱਧਤਾ ਨੂੰ ਦਰਸਾਉਂਦਾ ਹੈ।

ਹਰ ਸਾਲ, ਸਾਲਾਨਾ ਬਜਟ ਵਿੱਚ ਉਹਨਾਂ ਤਰਜੀਹਾਂ, ਟੀਚਿਆਂ ਅਤੇ ਪਹਿਲਕਦਮੀਆਂ ਦੀ ਪਛਾਣ ਕੀਤੀ ਜਾਂਦੀ ਹੈ, ਜੋ ਇਹ ਯਕੀਨੀ ਬਣਾਉਂਦੀਆਂ ਹਨ ਕਿ ਸਿਟੀ, ਉਹਨਾਂ ਤਰਜੀਹਾਂ ਵਿੱਚ ਨਿਵੇਸ਼ ਕਰ ਰਹੀ ਹੈ, ਜੋ ਵਸਨੀਕਾਂ ਲਈ ਮਾਇਨੇ ਰੱਖਦੀਆਂ ਹਨ। ਵਿਆਪਕ ਕਮਿਉਨਿਟੀ ਸ਼ਮੂਲੀਅਤ ਅਤੇ 5000 ਤੋਂ ਵੱਧ ਵਸਨੀਕਾਂ ਦੇ ਨਾਲ ਪੂਰਵ-ਬਜਟ ਟੈਲੀਫੋਨ ਟਾਊਨ ਹਾਲ ਤੋਂ ਪ੍ਰਾਪਤ ਫੀਡਬੈਕ, ਪੂਰੀ ਸਿਟੀ ਵਿੱਚ ਵਾਰਡ ਕਾਉਂਸਲਰਸ ਦੇ ਨਾਲ ਕੌਫੀ ਅਤੇ ਗੱਲਬਾਤ ਦੁਆਰਾ ਬਣਾਇਆ ਗਿਆ, ਇਸ ਸਾਲ ਦਾ ਬਜਟ ਸਿਟੀ ਦੇ ਸਟ੍ਰੈਟਜਿਕ ਪਲਾਨ ਦੇ ਮੁਤਾਬਕ ਹੈ ਅਤੇ ਕਮਿਉਨਿਟੀ ਵਿੱਚ ਰਿਕਾਰਡ-ਲੈਵਲ ਨਿਵੇਸ਼ਾਂ ਲਈ ਵਚਨਬੱਧ ਹੈ।

ਪਬਲਿਕ ਪ੍ਰਤੀਨਿਧੀ ਮੰਡਲ ਅਤੇ ਕਾਉਂਸਿਲ ਚਰਚਾਵਾਂ, ਮੰਗਲਵਾਰ, 5 ਦਸੰਬਰ ਨੂੰ ਸ਼ੁਰੂ ਹੋਣਗੀਆਂ।

**2024 ਦੇ ਪ੍ਰਸਤਾਵਿਤ ਬਜਟ ਦੀਆਂ ਝਲਕੀਆਂ**

*ਸਸਤਾ ਅਤੇ ਸੇਵਾ ਉੱਤਮਤਾ*

- 1.9% ਤੇ, ਸਿਟੀ, ਟੈਕਸ ਬਿਲ ਦੇ ਸਿਟੀ ਦੇ ਹਿੱਸੇ ਵਿੱਚ ਪ੍ਰਸਤਾਵਿਤ ਟੈਕਸ ਵਾਧਾ ਪ੍ਰਦਾਨ ਕਰਨ ਦੇ ਯੋਗ ਹੈ, ਜੋ ਸਤੰਬਰ 2023 ਦੀ ਮਹਿੰਗਾਈ ਦੀ ਦਰ (3.8%) ਤੋਂ ਘੱਟ ਹੈ। ਇਹ ਵਾਧਾ, ਰੀਜਨ ਆਫ ਪੀਲ (Region of Peel) ਦੇ ਵਾਧੇ (4.5%) ਤੋਂ ਅੱਧੇ ਤੋਂ ਵੀ ਘੱਟ ਹੈ ਅਤੇ ਸਿਟੀ ਆਫ ਮਿਸੀਸਾਗਾ (City of Mississauga) ਦੇ (2.3%) ਤੋਂ ਘੱਟ ਹੈ ਅਤੇ ਜੀ.ਟੀ.ਏ. (GTA) ਵਿੱਚ ਸਭ ਤੋਂ ਘੱਟ ਹੈ,
- 139 ਮਿਲੀਅਨ ਡਾਲਰ – ਰਾਖਵੀਆਂ ਸੰਪਤੀਆਂ ਵਿੱਚ ਹੁਣ ਤੱਕ ਦਾ ਸਭ ਤੋਂ ਵੱਡਾ ਯੋਗਦਾਨ, ਸਿਟੀ ਦੀਆਂ ਬੱਸਾਂ, ਸੜਕਾਂ, ਰੇਕ੍ਰੀਏਸ਼ਨ ਕੇਂਦਰਾਂ, ਪਬਲਿਕ ਥਾਵਾਂ ਅਤੇ ਦੂਜੀਆਂ ਇੰਫਰਾਸਟ੍ਰਕਚਰ ਸੰਪਤੀਆਂ ਨੂੰ ਸਥਿਰ ਲੈਵਲਾਂ ਤੇ ਰੱਖਣ ਲਈ ਉਗਰਾਹੀ (ਲੈਵੀਜ) ਨੂੰ ਮਿਲਾ ਕੇ। ਇਸ ਵਿੱਚੋਂ ਜ਼ਿਆਦਾਤਰ ਪੈਸਾ, ਸਾਡੇ ਇੰਫਰਾਸਟ੍ਰਕਚਰ ਨੂੰ ਸਥਿਰ ਰੱਖਣ ਅਤੇ ਵਿਕਸਿਤ ਕਰਨ ਵਿੱਚ ਖਰਚ ਹੋਵੇਗਾ।
- 913 ਮਿਲੀਅਨ ਡਾਲਰ ਦਾ ਓਪਰੇਟਿੰਗ ਬਜਟ, 544 ਮਿਲੀਅਨ ਡਾਲਰ ਕੈਪੀਟਲ ਬਜਟ = ਕੁੱਲ 1.5 ਬਿਲੀਅਨ ਡਾਲਰ

*ਹੈਲਥ ਕੇਅਰ*

- ਸਿਟੀ ਪਹਿਲਾਂ ਹੀ, ਸਿਟੀ ਦੇ ਲੋਕਲ ਹਿੱਸੇ, 125 ਮਿਲੀਅਨ ਡਾਲਰ ਵਿੱਚ, 74 ਮਿਲੀਅਨ ਡਾਲਰ (2023 ਸਤੰਬਰ) ਤੋਂ ਵੱਧ ਰਾਖਵੇਂ ਫੰਡ ਇਕੱਠੇ ਕਰ ਚੁੱਕੀ ਹੈ
- ਬ੍ਰੈਂਪਟਨ ਲਈ ਦੂਜੇ ਹਸਪਤਾਲ ਅਤੇ ਨਵੇਂ ਕੈਂਸਰ ਕੇਅਰ ਸੈਂਟਰ ਦੀ ਉਸਾਰੀ ਵਿੱਚ ਸਹਾਇਤਾ ਲਈ, 1% ਹਸਪਤਾਲ ਉਗਰਾਹੀ (ਲੈਵੀ) ਨੂੰ ਜਾਰੀ ਰੱਖਣਾ
- ਨਵੇਂ ਮੈਡੀਕਲ ਸਕੂਲ ਲਈ ਸਹਾਇਤਾ

*ਟ੍ਰਾਂਜ਼ਿਟ*

- ਬੱਸਾਂ ਦੀ ਖਰੀਦ ਅਤੇ ਪੁਨਰ ਨਿਰਮਾਣ: 78.4 ਮਿਲੀਅਨ ਡਾਲਰ
- ਬ੍ਰੈਮਲੀ ਰੋਡ ਕੋਰੀਡੋਰ (Bramalea Road Corridor) ਤੇ, ਬ੍ਰੈਂਪਟਨ ਟ੍ਰਾਂਜ਼ਿਟ ਜ਼ੂਮ (Brampton Transit Zum) ਸੇਵਾ ਵਿਸਤਾਰ: 3.8 ਮਿਲੀਅਨ ਡਾਲਰ
- 108,500 ਨਵੀਂ ਟ੍ਰਾਂਜ਼ਿਟ ਸੇਵਾ ਦੇ ਘੰਟੇ
- 136 ਨਵੇਂ ਟ੍ਰਾਂਜ਼ਿਟ ਓਪਰੇਟਰ

*ਰੇਕ੍ਰੀਏਸ਼ਨ*

- ਐਮਬਲੈਟਨ ਕਮਿਉਨਿਟੀ ਸੈਂਟਰ (Embleton Community Centre) ਦੀ ਉਸਾਰੀ: 79.8 ਮਿਲੀਅਨ ਡਾਲਰ
- ਹੋਡੇਨ ਰੇਕ੍ਰੀਏਸ਼ਨ ਸੈਂਟਰ (Howden Recreation Centre) ਦੀ ਉਸਾਰੀ: 24.2 ਮਿਲੀਅਨ ਡਾਲਰ
- ਕ੍ਰਿਕੇਟ ਇੰਫਰਾਸਟ੍ਰਕਚਰ ਅਤੇ ਪ੍ਰੋਗਰਾਮਿੰਗ: 6 ਮਿਲੀਅਨ ਡਾਲਰ
- ਸੈਂਚੁਰੀ ਗਾਰਡਨਸ ਯੂਥ ਹਬ (Century Gardens Youth Hub) ਦੀ ਉਸਾਰੀ: 5.5 ਮਿਲੀਅਨ ਡਾਲਰ
- ਟੈਨਿਸ, ਕਬੱਡੀ, ਪਿਕਲਬਾਲ, ਬਾਸਕੇਟਬਾਲ, ਡੌਗ ਪਾਰਕ ਅਤੇ ਪਲੇਗ੍ਰਾਊਂਡ ਵਿਸਤਾਰ: 6.1 ਮਿਲੀਅਨ ਡਾਲਰ
- ਮੈਮੋਰੀਅਲ ਅਰੇਨਾ ਐਕਸਪੈਨਸ਼ਨ (Memorial Arena Expansion) (ਉਸਾਰੀ): 2.5 ਮਿਲੀਅਨ ਡਾਲਰ
- ਐਫ.ਸੀ.ਸੀ.ਸੀ. (FCCC) ਵਿਖੇ ਲਾਅਨ ਬੌਲਿੰਗ (Lawn Bowling): 900,000 ਡਾਲਰ
- ਸੀ.ਏ.ਏ. ਸੈਂਟਰ (CAA Centre) ਵਿਖੇ ਬਾਸਕੇਟਬਾਲ ਕੋਰਟ ਅਤੇ ਵਿਸਤਾਰ: 375,000 ਡਾਲਰ
- ਸੈਂਟਰਲ ਪੀਲ (Central Peel) ਵਿਖੇ ਆਰਟੀਫਿਸ਼ੀਅਲ ਟਰਫ ਫੀਲਡ (Artificial Turf Field): 200,000 ਡਾਲਰ
- ਲੋਫਰਸ ਲੇਕ ਰੇਕ੍ਰੀਏਸ਼ਨ ਸੈਂਟਰ (Loafer's Lake Recreation Centre) ਵਿਖੇ ਨਵਾਂ, ਸ਼ਮੂਲੀਅਤ ਵਾਲਾ ਮਲਟੀ-ਸੈਂਸਰੀ ਰੂਮ: 100,000 ਡਾਲਰ

*ਵਾਤਾਵਰਣ*

- ਰਿਵਰਵਾਕ ਫੇਜ ਵਨ (Riverwalk Phase One) (ਹੜ੍ਹ ਤੋਂ ਬਚਾਅ): 87.3 ਮਿਲੀਅਨ ਡਾਲਰ
- ਡ੍ਰੇਨੇਜ ਚੈਨਲ ਜਾਂਚ ਅਤੇ ਦੇਖਭਾਲ ਪ੍ਰੋਗਰਾਮ: 1 ਮਿਲੀਅਨ ਡਾਲਰ
- ਖੋਰ ਨਿਯੰਤਰਣ ਅਤੇ ਸਟ੍ਰੀਮਬੈਂਕ ਸਥਿਰੀਕਰਨ: 1 ਮਿਲੀਅਨ ਡਾਲਰ
- ਊਰਜਾ ਸਮਰੱਥਾ ਪ੍ਰੋਗਰਾਮਾਂ ਦੁਆਰਾ, ਊਰਜਾ ਅਤੇ ਨਿਕਾਸੀਆਂ ਨੂੰ ਘਟਾਉਣਾ: 215,000 ਡਾਲਰ
- ਕਮਿਉਨਿਟੀ ਗਾਰਡਨਾਂ ਦਾ ਵਿਸਤਾਰ ਕਰਨਾ: 100,000 ਡਾਲਰ
- ਚਿੰਗਕੂਜ਼ੀ ਪਾਰਕ (Chinguacousy Park) ਸਬੰਧੀ ਅੱਪਗ੍ਰੇਡ: 25,000 ਡਾਲਰ
- ਸਟੌਰਮਵਾਟਰ ਕੈਪੀਟਲ ਵਿੱਚ ਸੁਧਾਰ: 7.9 ਮਿਲੀਅਨ ਡਾਲਰ

**ਬ੍ਰੈਂਪਟਨ ਦੇ ਬਜਟ ਦੀ ਵਿਕਾਸ ਪ੍ਰਕਿਰਿਆ ਦੇ ਬਾਰੇ ਵਿੱਚ**

ਪ੍ਰਸਤਾਵਿਤ ਬਜਟ ਨੂੰ ਹੁਣ ਸਿਟੀ ਦੀ [ਵੈਬਸਾਈਟ (website)] ਤੇ ਪੋਸਟ ਕਰ ਦਿੱਤਾ ਗਿਆ ਹੈ। ਜੇਕਰ ਤੁਹਾਨੂੰ ਇਹ ਦਸਤਾਵੇਜ਼, ਕਿਸੇ ਹੋਰ ਫੌਰਮੈਟ ਵਿੱਚ ਚਾਹੀਦੇ ਹਨ, ਤਾਂ ਕਿਰਪਾ ਕਰਕੇ accessibility@brampton.ca ਤੇ ਆਪਣੀ ਬੇਨਤੀ ਭੇਜੋ।

ਪਬਲਿਕ ਪ੍ਰਤੀਨਿਧੀ ਮੰਡਲ ਅਤੇ ਕਾਉਂਸਿਲ ਚਰਚਾਵਾਂ, ਮੰਗਲਵਾਰ, 5 ਦਸੰਬਰ ਨੂੰ ਸ਼ੁਰੂ ਹੋਣਗੀਆਂ ਅਤੇ ਅੰਤਿਮ ਬਜਟ ਪ੍ਰਵਾਨਗੀ, 13 ਦਸੰਬਰ, 2023 ਨੂੰ ਹੋਵੇਗੀ।

*ਦ ਮਿਊਨਿਸਿਪਲ ਐਕਟ, 2001 (The Municipal Act, 2001)*, ਸਿਟੀ ਦੇ ਬਜਟ ਸਬੰਧੀ ਅਧਿਕਾਰਾਂ ਅਤੇ ਡਿਊਟੀਆਂ ਦਾ ਸਾਰ ਦਿੰਦਾ ਹੈ, ਜੋ ਹੁਣ ਮੇਅਰ ਨੂੰ ਦਿੱਤੇ ਜਾਂਦੇ ਹਨ। ਕਨੂੰਨ ਕਹਿੰਦਾ ਹੈ,*"ਵਿਧਾਨਾਂ ਦੇ ਮੁਤਾਬਕ, ਕਾਉਂਸਿਲ ਦਾ ਮੁਖੀ, ਸਿਟੀ ਲਈ ਪ੍ਰਸਤਾਵਿਤ ਬਜਟ ਤਿਆਰ ਕਰੇ ਅਤੇ ਸਿਟੀ ਕਾਉਂਸਿਲ ਵੱਲੋਂ ਵਿਚਾਰ ਕਰਨ ਲਈ ਪ੍ਰਸਤਾਵਿਤ ਬਜਟ ਸਿਟੀ ਨੂੰ ਪ੍ਰਦਾਨ ਕਰੇ।"*

ਕਾਉਂਸਿਲ ਵਾਸਤੇ ਬਜਟ ਤੇ ਵਿਚਾਰ ਕਰਨ ਲਈ 30-ਦਿਨਾਂ ਦੀ ਮਿਆਦ ਸ਼ੁਰੂ ਹੋ ਗਈ ਹੈ, ਜਿਸਦੇ ਦੌਰਾਨ ਕਾਉਂਸਿਲ, ਮੇਅਰ ਦੇ ਬਜਟ ਵਿੱਚ ਸੋਧ ਕਰਨ ਲਈ ਮਤੇ ਲੈ ਸਕਦੀ ਹੈ। ਕਾਉਂਸਿਲ, ਮਤੇ ਦੁਆਰਾ 30-ਦਿਨਾਂ ਦੀ ਮਿਆਦ ਨੂੰ ਘਟਾ ਵੀ ਸਕਦੀ ਹੈ। 30-ਦਿਨਾਂ (ਜਾਂ ਘੱਟ ਕੀਤੀ) ਮਿਆਦ ਖਤਮ ਹੋਣ ਦੇ ਬਾਅਦ, ਇਹ ਮੰਨਿਆ ਜਾਂਦਾ ਹੈ ਕਿ ਬਜਟ ਨੂੰ ਅਪਨਾ ਲਿਆ ਗਿਆ ਹੈ (ਜੇਕਰ ਬਜਟ ਵਿੱਚ ਸੋਧ ਕਰਨ ਲਈ ਕਾਉਂਸਿਲ ਦੇ ਕੋਈ ਮਤੇ ਪਾਸ ਨਾ ਕੀਤੇ ਗਏ ਹੋਣ)। ਜੇਕਰ ਕਾਉਂਸਿਲ ਬਜਟ ਵਿੱਚ ਸੋਧ ਕਰਨ ਤੇ ਵਿਚਾਰ ਕਰਦੀ ਹੈ, ਤਾਂ ਮੇਅਰ ਕੋਲ ਵੀਟੋ (ਰੱਦ ਕਰਨ ਦਾ ਅਧਿਕਾਰ) ਤੇ ਵਿਚਾਰ ਕਰਨ ਲਈ 10-ਦਿਨ ਹਨ। ਕਾਉਂਸਿਲ ਦੇ ਮਤੇ ਦੇ ਵੀਟੋ ਲਈ ਮੇਅਰ ਵੱਲੋਂ ਲਏ ਗਏ ਕਿਸੇ ਵੀ ਫੈਸਲੇ ਵਾਸਤੇ, ਕਾਉਂਸਿਲ ਕੋਲ 15-ਦਿਨ ਦੀ ਮਿਆਦ ਹੁੰਦੀ ਹੈ, ਜਿਸ ਵਿੱਚ ਉਹ ਕਾਉਂਸਿਲ ਦੇ ਸਾਰੇ ਮੈਂਬਰਾਂ ਵਿੱਚੋਂ ਦੋ-ਤਿਹਾਈ ਮੈਂਬਰਾਂ ਦੇ ਵੋਟ ਦੁਆਰਾ ਮੇਅਰ ਦੇ ਵੀਟੋ ਫੈਸਲੇ ਨੂੰ ਰੱਦ ਕਰਨ ਤੇ ਵਿਚਾਰ ਕਰਦੀ ਹੈ।
ਸਿਟੀ ਦੀ ਸਾਲਾਨਾ ਬਜਟ ਪ੍ਰਕਿਰਿਆ, ਗੱਲਬਾਤਾਂ ਅਤੇ ਸ਼ਮੂਲੀਅਤ ਯਤਨਾਂ ਦੁਆਰਾ, ਬ੍ਰੈਂਪਟਨ ਦੇ ਨਾਗਰਿਕਾਂ ਨੂੰ ਜੋੜਦੀ ਹੈ, ਸਿੱਖਿਅਤ ਕਰਦੀ ਹੈ ਅਤੇ ਸੂਚਨਾ ਦਿੰਦੀ ਹੈ। ਇਹਨਾਂ ਯਤਨਾਂ ਵਿੱਚ ਸ਼ਾਮਲ ਹਨ, ਟੈਲੀਫੋਨ ਟਾਊਨ ਹਾਲਸ, ਕੌਫੀ ਅਤੇ ਗੱਲਬਾਤ, ਵਿਗਿਆਪਨ, ਨਿਊਜ਼ ਰਿਲੀਜਾਂ, ਸੋਸ਼ਲ ਮੀਡੀਆ ਅਤੇ ਸਿਟੀ ਦੀ ਬਜਟ ਵੈਬਸਾਈਟ।

ਇਸ ਸਾਲ ਦਾ ਬਜਟ, [ਸਿਟੀ ਆਫ ਬ੍ਰੈਂਪਟਨ ਦੇ ਕਾਰਪੋਰੇਟ ਸਟ੍ਰੈਟਜਿਕ ਪਲਾਨ 2022-2026 (City of Brampton's Corporate Strategic Plan 2022-2026)] ਦੀ ਹਿਮਾਇਤ ਕਰਦਾ ਹੈ। ਇਹ ਬੇਹੱਦ ਮਹੱਤਵਪੂਰਣ ਦਸਤਾਵੇਜ਼, ਉਸਨੂੰ ਤਰਜੀਹ ਦੇਣ ਅਤੇ ਪ੍ਰਦਾਨ ਕਰਨ ਲਈ ਢਾਂਚਾ ਪ੍ਰਦਾਨ ਕਰੇਗਾ, ਜੋ ਕਮਿਊਨਿਟੀ ਲਈ ਸਭ ਤੋਂ ਵੱਧ ਮਹੱਤਵਪੂਰਣ ਹੈ। ਇਹ ਇੱਕ ਕਿਰਿਆਸ਼ੀਲ ਪਲਾਨ ਹੋਵੇਗਾ, ਜੋ ਸਿਟੀ ਦੇ ਬਜਟ ਦੇ ਮਾਸਟਰ ਪਲਾਨਾਂ, ਪ੍ਰੋਜੈਕਟਾਂ, ਸੇਵਾਵਾਂ ਅਤੇ ਵਸੀਲਿਆਂ ਲਈ ਸੰਦਰਭ ਤੈਅ ਕਰਦਾ ਹੈ।

**ਵਾਧੂ ਵਸੀਲੇ**

2024 ਦੇ ਪ੍ਰਸਤਾਵਿਤ ਬਜਟ ਦੀ ਸਮੀਖਿਆ ਕਰਨ ਲਈ ਜਾਂ ਝਲਕੀਆਂ ਦੇ ਸੰਖਿਪਤ ਵਰਜਨ ਨੂੰ ਪੜ੍ਹਨ ਲਈ, ਕਿਰਪਾ ਕਰਕੇ www.Brampton.ca/budget ਤੇ ਜਾਓ।

ਸਿਟੀ ਕਾਉਂਸਿਲ ਮੀਟਿੰਗ (City Council Meeting) ਵਿੱਚ ਪੇਸ਼ ਹੋਣ ਬਾਰੇ ਵਧੇਰੇ ਜਾਣਕਾਰੀ ਲਈ, [ਸਿਟੀ ਆਫ ਬ੍ਰੈਂਪਟਨ (City of Brampton) | ਕਾਉਂਸਿਲ ਅਤੇ ਕਮੇਟੀਆਂ (Council and Committees) | ਪਬਲਿਕ ਮੀਟਿੰਗਾਂ ਵਿੱਚ ਸ਼ਾਮਲ ਹੋਵੋ, ਕਮੇਟੀ ਵਿੱਚ ਹਿੱਸਾ ਲਵੋ ਜਾਂ ਇਸ ਨਾਲ ਜੁੜੋ (Attend public meetings, participate or join a committee)] ਤੇ ਜਾਓ।

**ਹਵਾਲਾ**

“ਮੈਨੂੰ 2024 ਦਾ ਬਜਟ ਪ੍ਰਸਤੁਤ ਕਰਦੇ ਹੋਏ ਬੇਹੱਦ ਖੁਸ਼ੀ ਹੋ ਰਹੀ ਹੈ, ਇਹ ਇੱਕ ਸਟ੍ਰੈਟਜਿਕ ਬਲੂਪ੍ਰਿੰਟ ਹੈ, ਜੋ ਬ੍ਰੈਂਪਟਨ ਦੇ ਫਾਇਦੇ ਦੇ ਨਿਰਮਾਣ ਲਈ ਸਮਰਪਿਤ ਹੈ। ਇਹ ਬਜਟ, ਟ੍ਰਾਂਜ਼ਿਟ, ਹੈਲਥਕੇਅਰ, ਰੇਕ੍ਰੀਏਸ਼ਨ, ਕਮਿਊਨਿਟੀ ਦੀ ਸੁਰੱਖਿਆ, ਵਾਤਾਵਰਣ ਅਤੇ ਸੜਕਾਂ ਅਤੇ ਇੰਫਰਾਸਟ੍ਰਕਚਰ ਵਿੱਚ ਬੇਹੱਦ ਮਹੱਤਵਪੂਰਣ ਨਿਵੇਸ਼ਾਂ ਨੂੰ ਤਰਜੀਹ ਦਿੰਦਾ ਹੈ ਅਤੇ ਬ੍ਰੈਂਪਟਨ ਦੇ ਹਰੇਕ ਵਸਨੀਕ ਲਈ ਇੱਕ ਖੁਸ਼ਹਾਲ ਅਤੇ ਜੀਵੰਤ ਭਵਿੱਖ ਨੂੰ ਯਕੀਨੀ ਬਣਾਉਂਦਾ ਹੈ। ਮੈਨੂੰ ਇਹ ਐਲਾਨ ਕਰਦੇ ਹੋਏ ਮਾਣ ਮਹਿਸੂਸ ਹੋ ਰਿਹਾ ਹੈ ਕਿ ਇਹ ਬਜਟ, ਰਾਖਵੀਂਆਂ ਸੰਪਤੀਆਂ ਵਿੱਚ ਰਿਕਾਰਡ ਯੋਗਦਾਨ ਪਾਉਂਦਾ ਹੈ ਅਤੇ ਜੀ.ਟੀ.ਏ. ਵਿੱਚ ਸਭ ਤੋਂ ਘੱਟ ਟੈਕਸ ਵਾਧਾ ਹੈ। ਤੁਹਾਡਾ ਫੀਡਬੈਕ ਬੇਹੱਦ ਮਹੱਤਵਪੂਰਣ ਹੈ ਕਿਉਂਕਿ ਅਸੀਂ, ਸ਼ਮੂਲੀਅਤ ਵਾਲੇ ਵਾਧੇ ਅਤੇ ਸਥਿਰ ਕਮਿਊਨਿਟੀ ਲਈ ਸਾਡੀ ਵਚਨਬੱਧਤਾ ਨੂੰ ਦਰਸਾਉਂਦੇ ਹੋਏ, ਇਸ ਬਜਟ ਨੂੰ ਅੰਤਿਮ ਰੂਪ ਦੇ ਰਹੇ ਹਾਂ।"

- *ਪੈਟਰਿਕ ਬ੍ਰਾਊਨ (Patrick Brown), ਮੇਅਰ, ਸਿਟੀ ਆਫ ਬ੍ਰੈਂਪਟਨ*

-30-

**ਕੈਨੇਡਾ ਵਿੱਚ ਸਭ ਤੋਂ ਵੱਧ ਤੇਜ਼ੀ ਨਾਲ ਵਧਣ ਵਾਲੇ ਸ਼ਹਿਰਾਂ ਵਿੱਚੋਂ ਇੱਕ ਦੇ ਤੌਰ ਤੇ, ਬ੍ਰੈਂਪਟਨ 700,000 ਲੋਕਾਂ ਅਤੇ 90,000 ਕਾਰੋਬਾਰੀਆਂ ਦਾ ਘਰ ਹੈ।** ਅਸੀਂ ਜੋ ਵੀ ਕਰਦੇ ਹਾਂ, ਲੋਕਾਂ ਨੂੰ ਧਿਆਨ ਵਿੱਚ ਰੱਖ ਕੇ ਕਰਦੇ ਹਾਂ। ਅਸੀਂ ਸਾਡੇ ਵੰਨ-ਸੁਵੰਨੇ ਭਾਈਚਾਰਿਆਂ ਤੋਂ ਸਰਗਰਮ ਹੁੰਦੇ ਹਾਂ, ਅਸੀਂ ਨਿਵੇਸ਼ ਨੂੰ ਆਕਰਸ਼ਿਤ ਕਰਦੇ ਹਾਂ ਅਤੇ ਅਸੀਂ ਤਕਨੀਕ ਅਤੇ ਵਾਤਾਵਰਣ ਸਬੰਧੀ ਨਵੀਨਤਾ ਨੂੰ ਅੱਗੇ ਵਧਾਉਣ ਦੇ ਸਫ਼ਰ ਤੇ ਹਾਂ। ਅਸੀਂ ਇੱਕ ਅਜਿਹਾ ਸਿਹਤਮੰਦ ਸ਼ਹਿਰ ਬਣਾਉਣ ਵਿੱਚ ਉੱਨਤੀ ਲਈ ਭਾਈਵਾਲੀ ਕਰਦੇ ਹਾਂ, ਜੋ ਸੁਰੱਖਿਅਤ, ਸਥਿਰ ਅਤੇ ਸਫਲ ਹੋਵੇ। ਸਾਡੇ ਨਾਲ X (ਪਹਿਲਾਂ Twitter), Facebook, LinkedIn ਅਤੇ Instagram ਤੇ ਜੁੜੋ। www.brampton.ca ਤੇ ਹੋਰ ਜਾਣੋ।

**ਮੀਡੀਆ ਸੰਪਰਕ**
ਸਿਟੀ ਆਫ ਬ੍ਰੈਂਪਟਨ ਮਲਟੀਕਲਚਰਲ ਮੀਡੀਆ
multiculturalmedia@brampton.ca